ਜੇਕਰ ਇਸ ਦਸਤਾਵੇਜ਼ ਅਤੇ ਇਸਦੇ ਅੰਗਰੇਜ਼ੀ /ਚੀਨੀ ਭਾਸ਼ਾ ਵਾਲਾ ਰੂਪਾਂਤਰ (ਅਨੁਵਾਦ) ਵਿੱਚ ਕੋਈ ਬੇਜੋੜਤਾ ਜਾਂ ਵਖਰੇਵਾਂ ਹੈ ਤਾਂ ਅੰਗਰੇਜ਼ੀ/ਚੀਨੀ ਭਾਸ਼ਾ ਦਾ ਰੂਪਾਂਤਰ ਮੰਨਿਆ ਜਾਵੇਗਾ।

# ਨਿਸ਼ਕਿਰਿਆ (ਡੋਰਮੈਂਟ) ਖਾਤਿਆਂ ਨੂੰ ਸਮਝਣਾ

## ਕੀ ਤੁਹਾਡਾ ਕੋਈ ਨਿਸ਼ਕਿਰਿਆ ਬੈਂਕ ਖਾਤਾ ਹੈ?

ਕਦੇ-ਕਦਾਈਂ ਲੋਕ ਬੈਂਕ ਖਾਤੇ ਖੋਲ੍ਹਦੇ ਹਨ, ਕੁਝ ਸਮੇਂ ਤੱਕ ਉਹਨਾਂ ਵਿੱਚ ਪੈਸਾ ਜਮਾ ਕਰਦੇ ਹਨ, ਫਿਰ ਉਹਨਾਂ ਬਾਰੇ ਭੁੱਲ ਜਾਂਦੇ ਹਨ। ਜਾਂ, ਖਾਤਾ ਬੰਦ ਕਰਨ ਦੀ ਬਜਾਏ ਉਹਨਾਂ ਨੂੰ ਘੱਟ ਜਾਂ ਸਿਫ਼ਰ ਬੈਲੈਂਸ 'ਤੇ ਰੱਖਦੇ ਹਨ। ਜੇਕਰ ਤੁਸੀਂ ਰਸਮੀ ਤੌਰ 'ਤੇ ਖਾਤਾ ਬੰਦ ਨਹੀਂ ਕਰਦੇ ਹੋ, ਤਾਂ ਫੀਸਾਂ ਜਾਰੀ ਰਹਿ ਸਕਦੀਆਂ ਹਨ, ਜਿਨ੍ਹਾਂ ਦਾ ਬੈਂਕ ਨੂੰ ਭੁਗਤਾਨ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ।

## ਨਿਸ਼ਕਿਰਿਆ ਖਾਤਾ ਕੀ ਹੁੰਦਾ ਹੈ?

ਜ਼ਿਆਦਾਤਰ ਬੈਂਕ ਬਚਤ, ਚਾਲੂ ਖਾਤਿਆਂ ਅਤੇ ਹੋਰ ਤਰ੍ਹਾਂ ਦੇ ਜਮਾਂ ਖਾਤਿਆਂ ਨੂੰ ਨਿਸ਼ਕਿਰਿਆ ਦੇ ਤੌਰ 'ਤੇ ਵਰਗੀਕ੍ਰਿਤ ਕਰਦੇ ਹਨ, ਜਿੱਥੇ ਇਹਨਾਂ ਖਾਤਿਆਂ ਦੀ ਸਮੇਂ ਦੀ ਇੱਕ ਨਿਸ਼ਚਿਤ ਮਿਆਦ, ਆਮ ਤੌਰ 'ਤੇ 6 ਮਹੀਨੇ ਜਾਂ ਇਸ ਤੋਂ ਵੱਧ, ਦੇ ਬਾਅਦ ਬੈਂਕ ਵੱਲੋਂ ਸ਼ੁਰੂ ਕੀਤੀਆਂ ਟ੍ਰਾਂਜੈਕਸ਼ਨਾਂ (ਜਿਵੇਂ ਕਿ ਵਿਆਜ ਅਤੇ ਫੀਸਾਂ) ਦੇ ਇਲਾਵਾ ਕੋਈ ਲੈਣ-ਦੇਣ ਨਹੀਂ ਹੁੰਦਾ।

## ਨਿਸ਼ਕਿਰਿਆ ਖਾਤਾ ਅਣਇੱਛਤ ਕਿਉਂ ਹੁੰਦਾ ਹੈ?

ਬੈਂਕ ਨਿਸ਼ਕਿਰਿਆ ਖਾਤਿਆਂ ਨੂੰ ਸਾਂਭਣ ਲਈ ਭਾਰੀ ਖ਼ਰਚ ਉਠਾਉਂਦੇ ਹਨ। ਉਹ ਨਿਸ਼ਕਿਰਿਆ ਖਾਤਾ ਧਾਰਕਾਂ ਦੀ ਸੁਰੱਖਿਆ ਲਈ ਖ਼ਾਸ ਪ੍ਰਕਿਰਿਆਵਾਂ ਸਥਾਪਿਤ ਕਰਦੇ ਹਨ, ਜਿਵੇਂ ਕਿ ਵਾਧੂ ਮਨਜ਼ੂਰੀਆਂ ਦੀ ਲੋੜ ਹੋਣਾ ਅਤੇ ਸਿਗਨੇਚਰ ਕਾਰਡਾਂ ਲਈ ਖ਼ਾਸ ਸੁਰੱਖਿਆ ਕਾਇਮ ਰੱਖਣਾ।

ਨਿਸ਼ਕਿਰਿਆ ਖਾਤਿਆਂ ਵਿੱਚ ਪੈਸੇ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ। ਜੇਕਰ ਨਿਸ਼ਕਿਰਿਆ ਖਾਤੇ ਵਿੱਚ ਬੈਲੈਂਸ ਘੱਟ ਹੋਵੇ ਤਾਂ ਵਿਆਜ ਬਹੁਤ ਘੱਟ ਮਿਲਦਾ ਹੈ ਜਾਂ ਬਿਲਕੁਲ ਨਹੀਂ ਮਿਲਦਾ। ਜ਼ਿਆਦਾਤਰ ਬੈਂਕ ਨਿਸ਼ਕਿਰਿਆ ਖਾਤਿਆਂ ਨੂੰ ਸਾਂਭਣ ਦੇ ਵੱਧ ਖ਼ਰਚਿਆਂ ਦੇ ਕਾਰਨ ਨਿਸ਼ਕਿਰਿਆ ਖਾਤਿਆਂ 'ਤੇ ਥੋੜ੍ਹੀ ਫੀਸ ਲੈਂਦੇ ਹਨ ਅਤੇ ਕੁਝ ਬੈਂਕ ਨਿਸ਼ਕਿਰਿਆ ਖਾਤਿਆਂ ਦੀਆਂ ਕੁਝ ਸੇਵਾਵਾਂ ਮੁਹੱਈਆ ਕਰਨਾ ਬੰਦ ਕਰ ਦਿੰਦੇ ਹਨ ਜਿਵੇਂ ਕਿ ਏ.ਟੀ.ਐਮ. (ATM) ਸੇਵਾ। ਗਾਹਕਾਂ ਵਿੱਚ ਉਹਨਾਂ ਦੀ ਨਿੱਜੀ ਜਾਣਕਾਰੀ ਨੂੰ ਤਾਜ਼ਾ ਰੱਖਣ ਦਾ ਘੱਟ ਉਤਸ਼ਾਹ ਹੁੰਦਾ ਹੈ, ਇਸ ਲਈ ਬੈਂਕ ਵੱਲੋਂ ਨੋਟਿਸ ਜਾਂ ਸਟੇਟਮੈਂਟਾਂ ਬਿਨਾਂ ਡਿਲੀਵਰ ਹੋਏ ਵੀ ਵਾਪਸ ਆ ਸਕਦੀਆਂ ਹਨ। ਕਿਉਂਕਿ ਗਾਹਕ ਟ੍ਰਾਂਜੈਕਸ਼ਨਾਂ ਦਾ ਨਿਰੀਖਣ ਕਰਨ ਅਤੇ ਸਟੇਟਮੈਂਟਾਂ ਨੂੰ ਸਹੀ ਕਰਨ ਵਿੱਚ ਘੱਟ ਚੌਕਸ ਹੋ ਸਕਦੇ ਹਨ, ਇਸ ਨਾਲ ਇਹ ਵੀ ਵੱਡਾ ਜੋਖਮ ਹੈ ਕਿ ਖਾਤੇ ਨਾਲ ਛੇੜਛਾੜ ਕੀਤੀ ਜਾ ਸਕਦੀ ਹੈ।

## ਨਿਸ਼ਕਿਰਿਆ ਖਾਤਾ ਹੋਣ ਤੋਂ ਕਿਵੇਂ ਬਚਿਆ ਜਾਵੇ?

- ਇਸਦੀ ਸਮੀਖਿਆ ਕਰੋ ਕਿ ਤੁਹਾਡੇ ਕਿਹੜੇ ਬੈਂਕ ਖਾਤੇ ਹਨ। ਸਿਰਫ਼ ਉਹੀ ਖਾਤੇ ਰੱਖੋ, ਜਿਹਨਾਂ ਦੀ ਤੁਹਾਨੂੰ ਲੋੜ ਹੈ, ਜਾਂ ਇਸ ਤੋਂ ਵੀ ਬਿਹਤਰ, ਆਪਣੇ ਖਾਤਿਆਂ 'ਤੇ ਬਿਹਤਰ ਰਿਟਰਨ ਕਮਾਉਣ ਅਤੇ ਫੀਸਾਂ ਭਰਨ ਤੋਂ ਬਚਣ ਲਈ ਉਹਨਾਂ ਨੂੰ ਇਕੱਠੇ ਕਰੋ। ਕਿਸੇ ਵੀ ਅਜਿਹੇ ਖਾਤਿਆਂ ਨੂੰ ਰਸਮੀ ਤੌਰ 'ਤੇ ਬੰਦ ਕਰੋ, ਜਿਹਨਾਂ ਦੀ ਤੁਹਾਨੂੰ ਲੋੜ ਨਹੀਂ ਹੈ। ਯਕਨੀ ਬਣਾਓ ਕਿ ਤੁਸੀਂ ਸਾਰੇ ਸਥਾਈ ਨਿਰਦੇਸ਼ਾਂ ਅਤੇ ਡਾਇਰੈਕਟ ਡੈਬਿਟ ਅਧਿਕਾਰਾਂ ਦੀ ਸ਼ਨਾਖ਼ਤ ਕਰਦੇ ਹੋ ਅਤੇ ਆਪਣੇ ਖਾਤੇ ਨੂੰ ਬੰਦ ਕਰਨ ਤੋਂ ਪਹਿਲਾਂ ਉਹਨਾਂ ਨੂੰ ਬੰਦ ਕਰ ਦਿਓ।

- ਜਦੋਂ ਤੁਹਾਡੀ ਨਿੱਜੀ ਜਾਣਕਾਰੀ ਵਿੱਚ ਕੋਈ ਤਬਦੀਲੀਆਂ ਹੋਣ ਤਾਂ ਹਮੇਸ਼ਾਂ ਆਪਣੇ ਬੈਂਕ ਨੂੰ ਸੂਚਿਤ ਕਰੋ। ਤੁਹਾਡੇ ਬੈਂਕਾਂ ਕੋਲ ਤੁਹਾਡੇ ਪੁਰਾਣੇ ਪਤੇ 'ਤੇ ਤੁਹਾਨੂੰ ਸੰਪਰਕ ਕਰਨ ਜਾਂ ਸਟੇਟਮੈਂਟਾਂ ਭੇਜਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਹੁੰਦਾ। ਆਪਣੇ ਖਾਤੇ ਦੀ ਸਥਿਤੀ ਬਾਰੇ ਨਾ ਜਾਣਨਾ ਤੁਹਾਡੇ ਲਈ ਇਸਦੀ ਜ਼ਿੰਮੇਵਾਰੀ ਤੋਂ ਬਚਣ ਦਾ ਬਹਾਨਾ ਨਹੀ।
- ਆਪਣੀ ਮੇਲ ਪੜ੍ਹੋ - ਬੈਂਕ ਦੇ ਨੋਟਿਸਾਂ ਨੂੰ ਅਣਡਿੱਠ ਨਾ ਕਰੋ।